ਨਿਊ ਯਾਰਕ ਸ਼ਹਿਰ

# 2022

# ਪਾਇਦਾਥਿਮਕ ਚੋਣ ਖ਼ੁਦ ਗਾਈਡ

AAPI POWER COALITION

Punjabi

## ਸਾਡੇ ਬਾਰੇ

AAPI POWER COALITION

AAPI **ਪਾਵਰ ਗੱਠਜੋੜ** ਇੱਕ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲਾ ਸਮੂਹ ਹੈ ਜੋ ਵੋਟਰ ਸਿੱਖਿਆ ਅਤੇ ਆਊਟਰੀਚ ਰਾਹੀਂ ਏਸ਼ੀਆਈ ਅਮਰੀਕਨ ਅਤੇ ਪੈਸਿਫਿਕ ਆਈਲੈਂਡਰ ਭਾਈਚਾਰਿਆਂ ਨੂੰ ਸ਼ਕਤੀ-ਸੰਪੰਨ ਬਣਾਉਣ ਲਈ ਕੰਮ ਕਰ ਰਿਹਾ ਹੈ। ਸਾਡੇ ਗੱਠਜੋੜ ਵਿੱਚ 10 ਸੰਸਥਾਵਾਂ ਸ਼ਾਮਿਲ ਹਨ ਜੋ ਸਾਰੇ ਨਿਊਯੂ-ਯਾਰਕ ਸ਼ਹਿਰ ਵਿੱਚ ਵੰਨ-ਸੁਵੰਨੇ ਭਾਈਚਾਰਿਆਂ ਦੀ ਸੇਵਾ ਕਰ ਰਹੀਆਂ ਹਨ।

Asian American Federation

**ਏਸ਼ੀਅਨ ਅਮਰੀਕਨ ਫੈਡਰੇਸ਼ਨ,** ਜਿਸਦੀ ਸਥਾਪਨਾ 1989 ਵਿੱਚ ਕੀਤੀ ਗਈ ਸੀ, ਨਿਊ-ਯਾਰਕ ਸ਼ਹਿਰ ਦੀ ਸਭ ਤੋਂ ਸ਼ਕਤੀਸ਼ਾਲੀ ਲੀਡਰਸ਼ਿਪ ਆਵਾਜ਼ ਹੈ ਜੋ ਨਿਊ ਯਾਰਕ ਦੇ ਏਸ਼ੀਆਈ ਭਾਈਚਾਰੇ ਨੂੰ ਬਣਾਉਣ ਵਾਲੇ 1.5 ਮਿਲੀਅਨ ਨਿਊ ਯਾਰਕ ਵਾਸੀਆਂ ਵਾਸਤੇ ਵਧੇਰੇ ਨਿਆਂ ਅਤੇ ਮੌਕਿਆਂ ਦੀ ਵਕਾਲਤ ਕਰਦੀ ਹੈ।

### ਸਾਨੂੰ ਸੰਪਰਕ ਕਰੋ


120 Wall Street, 9th Fl,
New York, NY 10005

vote@aafederation.org

(212) 344-5878


## ਚੋਣਾਂ ਦੀਆਂ ਮੁੱਖ ਮਿਤੀਆਂ

### ਵੋਟਰ ਪੰਜੀਕਰਨ ਅੰਤਿਮ ਮਿਤੀ

ਵਿਅਕਤੀਗਤ ਰੂਪ ਵਿੱਚ ਅਤੇ ਡਾਕ ਰਾਹੀਂ

ਸ਼ੁੱਕਰਵਾਰ
ਜੂਨ
3

### ਗੈਰਹਾਜ਼ਰ-ਮਤਦਾਨ ਪਰਚੀ ਦੀ ਬੇਨਤੀ ਕਰਨ ਦਾ ਆਖਰੀ ਦਿਨ

ਡਾਕ ਰਾਹੀਂ

ਸੋਮਵਾਰ
ਜੂਨ
13

ਵਿਅਕਤੀਗਤ ਰੂਪ ਵਿੱਚ

ਸੋਮਵਾਰ
ਜੂਨ
27

### ਸ਼ੁਰੂਆਤੀ ਮਤਦਾਨ ਮਿਆਦ

ਜੂਨ 18 - ਜੂਨ 26

ਸਮੇਂ ਵੱਖ-ਵੱਖ ਹੋਣਗੇ

### ਪ੍ਰਾਥਮਿਕ ਚੋਣਾਂ ਦਾ ਦਿਨ

ਵਿਅਕਤੀਗਤ ਰੂਪ ਵਿੱਚ

ਮੰਗਲਵਾਰ
ਜੂਨ
28

ਸਵੇਰੇ 6 ਵਜੇ ਤੋਂ ਰਾਤ 9 ਵਜੇ ਤੱਕ

### ਗੈਰਹਾਜ਼ਰ-ਮਤਦਾਨ ਪਰਚੀ ਵਾਪਿਸ ਕਰਨ ਦਾ ਆਖਰੀ ਦਿਨ

ਵਿਅਕਤੀਗਤ ਰੂਪ ਵਿੱਚ ਅਤੇ ਡਾਕ ਰਾਹੀਂ

ਮੰਗਲਵਾਰ
ਜੂਨ
28

# ਮੈਂ ਕਿਸ ਨੂੰ ਵੋਟ ਦੇ ਸਕਦਾ/ਸਕਦੀ ਹਾਂ?


### ਫੈਡਰਲ ਦਫ਼ਤਰ

ਇਸ ਸਾਲ, ਤੁਸੀਂ ਕਾਂਗਰਸ ਦੇ ਦੋਨਾਂ ਚੈਂਬਰਾਂ ਵਿੱਚ ਆਪਣੇ ਨੁਮਾਇੰਦਿਆਂ ਨੂੰ ਵੋਟ ਦੇ ਸਕਦੇ ਹੋ: ਯੂ.ਐੱਸ. ਸੈਨੇਟ ਅਤੇ ਹਾਊਸ ਆਫ ਰਿਪ੍ਰੈਜ਼ੈਂਟੇਟਿਵਜ਼। ਉਨ੍ਹਾਂ ਨੂੰ ਨਵੇਂ ਸੰਘੀ ਕਾਨੂੰਨ ਬਣਾਉਣ ਅਤੇ ਪਾਸ ਕਰਨ ਲਈ, ਆਪਸ ਵਿੱਚ ਅਤੇ ਰਾਸ਼ਟਰਪਤੀ ਨਾਲ ਮਿਲ ਕੇ ਕੰਮ ਕਰਨਾ ਹੋਵੇਗਾ।



**ਯੂ.ਐੱਸ. ਸੈਨੇਟ**


ਅਮਰੀਕੀ ਕਾਂਗਰਸ ਦਾ ਉੱਪਰਲਾ ਚੈਂਬਰ। ਸੈਨੇਟ ਦੇ 100 ਮੈਂਬਰ ਹਨ, ਜਿਨ੍ਹਾਂ ਵਿੱਚੋਂ ਹਰੇਕ ਸੂਬੇ ਦੇ ਦੋ ਮੈਂਬਰ ਹਨ। 6 ਸਾਲ ਦੀ ਮਿਆਦ ਵਾਸਤੇ ਚੁਣਿਆ ਜਾਂਦੇ ਹਨ।



**ਯੂ.ਐੱਸ. ਹਾਊਸ ਆਫ ਰਿਪ੍ਰੈਜ਼ੈਂਟੇਟਿਵਜ਼**

ਅਮਰੀਕੀ ਕਾਂਗਰਸ ਦਾ ਹੇਠਲਾ ਚੈਂਬਰ । ਇਸ ਦੇ 435 ਮੈਂਬਰ ਹਨ। 2023 ਵਿੱਚ, ਨਿਊ ਯਾਰਕ ਵਿੱਚ 26 ਨੁਮਾਇੰਦੇ ਹੋਣਗੇ। 2 ਸਾਲ ਦੀ ਮਿਆਦ ਵਾਸਤੇ ਚੁਣੇ ਜਾਂਦੇ ਹਨ।

ਇਹ ਚੋਣ ਸਥਗਿਤ ਕਰ ਗ ਤਿੱ ਇਈ ਹੈਅਤੇਇਹ ਹੁਣ 23 ਅਸਿਤ ਨ ੂੰਹੇਵੇਗੀ।



## ਰਾਜ ਦਫ਼ਤਰ

ਨਿਊ ਯਾਰਕ ਸਟੇਟ ਸਰਕਾਰ, ਸੰਘੀ-ਸਰਕਾਰ ਵਰਗੀ ਹੀ ਹੈ ਕਿਉਂਕਿ ਇਸ ਦੀਆਂ 3 ਸ਼ਾਖਾਵਾਂ ਹਨ: ਕਾਰਜਕਾਰੀ (Executive), ਵਿਧਾਨਕ (Legislative) ਅਤੇ ਨਿਆਂਇਕ (ਰਾਜ ਅਦਾਲਤ ਪ੍ਰਣਾਲੀ)। ਇਸ ਸਾਲ, ਤੁਸੀਂ ਨਿਮਨਲਿਖਤ ਵਾਸਤੇ ਵੋਟ ਦੇ ਸਕਦੇ ਹੋ:

## ਕਾਰਜਕਾਰੀ ਦਫ਼ਤਰ

**ਰਾਜਪਾਲ**

ਨਿਉ ਯਾਰਕ ਦੇ ਮੁੱਖ ਕਾਰਜਕਾਰੀ ਅਫ਼ਸਰ । ਉਸ ਕੋਲ ਬਿੱਲਾਂ 'ਤੇ ਦਸਤਖਤ ਕਰਕੇ ਕਾਨੂੰਨ ਬਣਾਉਣ ਦੀ ਸ਼ਕਤੀ ਹੈ। 4 ਸਾਲ ਦੀ ਮਿਆਦ ਵਾਸਤੇ ਚੁਣਿਆ ਜਾਂਦਾ ਹੈ।



**ਕੰਪਟ੍ਰੋਲਰ**



ਨਿਉ ਯਾਰਕ ਦਾ ਮੁੱਖ ਵਿੱਤੀ ਅਧਿਕਾਰੀ। ਰਾਜ ਦੇ ਬਜਟ ਲਈ ਜ਼ਿੰਮੇਵਾਰ। 4 ਸਾਲ ਦੀ ਮਿਆਦ ਵਾਸਤੇ ਚੁਣਿਆ ਜਾਂਦਾ ਹੈ।

**ਅਟਾਰਨੀ ਜਨਰਲ**

ਨਿਉ ਯਾਰਕ ਦਾ ਮੁੱਖ ਕਾਨੂੰਨੀ ਅਧਿਕਾਰੀ। ਨਿਉ ਯਾਰਕ ਦੇ ਨਾਗਰਿਕਾਂ ਦੇ ਕਾਨੂੰਨੀ ਅਧਿਕਾਰਾਂ ਦੀ ਰੱਖਿਆ ਕਰਦਾ ਹੈ। 4 ਸਾਲ ਦੀ ਮਿਆਦ ਵਾਸਤੇ ਚੁਣਿਆ ਜਾਂਦਾ ਹੈ।




## ਰਾਜ ਵਿਧਾਨਮੰਡਲ

**ਰਾਜ ਸੈਨੇਟ**


ਰਾਜ ਵਿਧਾਨਮੰਡਲ ਸਭਾ ਦਾ ਉੱਪਰਲਾ ਚੈਂਬਰ। ਰਾਜ ਦੇ ਵੱਖ-ਵੱਖ ਹਿੱਸਿਆਂ ਦੀ ਨੁਮਾਇੰਦਗੀ ਕਰਨ ਵਾਲੇ 63 ਮੈਂਬਰ ਹਨ। 2 ਸਾਲ ਦੀ ਮਿਆਦ ਵਾਸਤੇ ਚੁਣੇ ਜਾਂਦੇ ਹਨ।

ਇਹ ਚੋਣ ਸਥਗਿਤ ਕਰ ਗ ਤੀਿ ਇਈ ਹੈਅਤੇਇਹ ਹੁਣ 23 ਅਸਿਤ ਨੂੰਹੋਵੇਗੀ।



**ਰਾਜ ਵਿਧਾਨ ਸਭਾ**

ਰਾਜ ਵਿਧਾਨਮੰਡਲ ਸਭਾ ਦਾ ਹੇਠਲਾ ਚੈਂਬਰ। ਰਾਜ ਦੇ ਵੱਖ-ਵੱਖ ਹਿੱਸਿਆਂ ਦੀ ਨੁਮਾਇੰਦਗੀ ਕਰਨ ਵਾਲੇ 150 ਮੈਂਬਰ ਹਨ। 2 ਸਾਲ ਦੀ ਮਿਆਦ ਵਾਸਤੇ ਚੁਣੇ ਜਾਂਦੇ ਹਨ।



ਪਤਾ ਕਰੋ ਕਿ ਕਿਹੜੇ ਉਮੀਦਵਾਰ ਤੁਹਾਡੀ ਮਤਦਾਨ ਪਰਚੀ 'ਤੇ ਹਨ:

ਇੱਥੇ ਸਕੈਨ ਕਰੋ!

# ਪ੍ਰਾਥਮਿਕ ਚੋਣਾਂ

ਪ੍ਰਾਥਮਿਕ ਚੋਣਾਂ ਵਿੱਚ, ਤੁਸੀਂ ਫੈਸਲਾ ਕਰਦੇ ਹੋ ਕਿ ਨਵੰਬਰ ਵਿੱਚ ਹੋਣ ਵਾਲੀਆਂ ਆਮ ਚੋਣਾਂ ਵਿਚ ਤੁਹਾਡੀ ਪਾਰਟੀ ਦੇ ਕਿਹੜੇ ਉਮੀਦਵਾਰ ਹਿੱਸਾ ਲੈਣਗੇ।

ਨਿਊ ਯਾਰਕ ਦੀਆਂ ਪ੍ਰਾਥਮਿਕ ਚੋਣਾਂ ਵਿੱਚ ਵੋਟ ਪਾਉਣ ਲਈ ਤੁਹਾਨੂੰ ਕਿਸੇ ਰਾਜਨੀਤਕ ਪਾਰਟੀ ਕੋਲ ਪੰਜੀਕਰਨ ਕਰਨਾ ਲਾਜ਼ਮੀ ਹੈ। ਤੁਸੀਂ ਅਜਿਹਾ ਉਸ ਸਮੇਂ ਕਰ ਸਕਦੇ ਹੋ ਜਦ ਤੁਸੀਂ ਵੋਟ ਪਾਉਣ ਲਈ ਪੰਜੀਕਰਨ ਕਰਦੇ ਹੋ ਜਾਂ ਆਪਣੇ ਪੰਜੀਕਰਨ ਨੂੰ ਅੱਪਡੇਟ ਕਰਦੇ ਹੋ।

ਤੁਸੀਂ ਇੱਥੇ ਆਪਣੀ ਪਾਰਟੀ ਦੇ ਸੰਬੰਧ ਦੀ ਜਾਂਚ ਕਰ ਸਕਦੇ ਹੋ:

ਇੱਥੇ ਸਕੈਨ ਕਰੋ!

# ਵੋਟ ਪਾਉਣ ਲਈ ਪੰਜੀਕਰਨ ਕਰੋ

28 ਜੂਨ ਨੂੰ ਹੋਣ ਵਾਲੀਆਂ ਚੋਣਾਂ ਲਈ ਪੰਜੀਕਰਨ ਕਰਨ ਦੀ ਅੰਤਿਮ ਮਿਤੀ 3 ਜੂਨ ਹੈ। ਇਸ ਲਈ, ਉਡੀਕ ਨਾ ਕਰੋ!

ਔਨਲਾਈਨ ਜਾਂ ਕਾਗਜ਼ੀ ਫਾਰਮ ਭਰਕੇ ਪੰਜੀਕਰਨ ਕਰੋ। ਭਰੇ ਹੋਏ ਕਾਗਜ਼ੀ ਫਾਰਮਾਂ ਨੂੰ ਡਾਕ ਰਾਹੀਂ ਭੇਜਿਆ ਜਾ ਸਕਦਾ ਹੈ ਜਾਂ ਚੋਣਾਂ ਦੇ ਬੋਰਡ ਨੂੰ ਦਿੱਤਾ ਜਾ ਸਕਦਾ ਹੈ

ਜੇ ਤੁਹਾਨੂੰ ਪੰਜੀਕਰਨ ਕਰਨ ਵਿੱਚ ਮਦਦ ਦੀ ਲੋੜ ਹੈ, ਤਾਂ ਸਾਡੇ ਵਲੰਟੀਅਰਾਂ ਵਿੱਚੋਂ ਕਿਸੇ ਨੂੰ ਪੁੱਛੋ ਜਾਂ ਫਿਰ ਸਾਨੂੰ vote@aafederation.org ,ਤੇ ਈਮੇਲ ਕਰੋ

ਪੰਜੀਕਰਨ ਫਾਰਮ ਡਾਉਨਲੋਡ ਕਰੋ ਅਤੇ ਪ੍ਰਿੰਟ ਕਰੋ:

ਅੰਗਰੇਜ਼ੀ ਵਿੱਚ ਪੂਰਾ ਕਰਨਾ ਲਾਜ਼ਮੀ ਹੈ

ਇੱਥੇ ਸਕੈਨ ਕਰੋ!

**or**

ਵੋਟ ਪਾਉਣ ਲਈ ਔਨਲਾਈਨ ਪੰਜੀਕਰਨ ਕਰੋ:
(ਕੇਵਲ ਅੰਗਰੇਜ਼ੀ ਵਿੱਚ)

ਇੱਥੇ ਸਕੈਨ ਕਰੋ!


# ਮੈਂ ਵੋਟ ਕਿਵੇਂ ਪਾਵਾਂ?




## ਖੁਦ ਹਾਜ਼ਰ ਹੋਕੇ ਜਲਦੀ ਵੋਟ ਕਰੋ

ਹਰੇਕ NYC ਵੋਟਰ, ਚੋਣ ਵਾਲੇ ਦਿਨ ਤੋਂ ਪਹਿਲਾਂ ਖੁਦ ਹਾਜ਼ਰ ਹੋਕੇ ਜਲਦੀ ਵੋਟ ਦੇ ਸਕਦਾ ਹੈ। ਜਲਦੀ ਵੋਟ ਪਾਉਣਾ ਸੁਵਿਧਾਜਨਕ, ਤੇਜ਼, ਅਤੇ ਲਚੀਲਾ ਹੈ।

ਤੁਸੀਂ 18 ਜੂਨ ਤੋਂ ਲੈਕੇ 26 ਜੂਨ ਤੱਕ ਜਲਦੀ ਵੋਟ ਪਾ ਸਕਦੇ ਹੋ, ਹਾਲਾਂਕਿ ਘੰਟੇ ਹਰ ਦਿਨ ਬਦਲਦੇ ਰਹਿੰਦੇ ਹਨ।



## ਚੋਣਾਂ ਵਾਲੇ ਦਿਨ ਵੋਟ ਪਾਓ

ਪ੍ਰਾਥਮਿਕ ਚੋਣ ਵਾਲੇ ਦਿਨ, 28 ਜੂਨ ਨੂੰ ਵੋਟ ਪਾ ਕੇ ਆਪਣੀ ਆਵਾਜ਼ ਬੁਲੰਦ ਕਰੋ।

ਪੋਲ ਸਵੇਰੇ 6 ਵਜੇ ਤੋਂ ਰਾਤ 9 ਵਜੇ ਤੱਕ ਖੁੱਲ੍ਹੀਆਂ ਰਹਿਣਗੀਆਂ

ਜਲਦੀ ਵੋਟ ਪਾਉਣ ਲਈ ਅਤੇ ਆਪਣੇ ਪੋਲਿੰਗ ਸਥਾਨ ਨੂੰ ਲੱਭਣ ਲਈ NYC ਬੋਰਡ ਆਫ ਇਲੈਕਸ਼ਨਜ਼ ਦੀ ਵੈੱਬਸਾਈਟ ਦੇਖੋ:

ਇੱਥੇ ਸਕੈਨ ਕਰੋ!

## ਗੈਰ-ਹਾਜ਼ਰ ਮਤਦਾਨ ਦਿਉ

ਡਾਕ ਰਾਹੀਂ ਵੋਟ ਪਾਉਣਾ, ਵੋਟ ਪਾਉਣ ਦਾ ਇੱਕ ਮਹਫ਼ੂਜ਼, ਆਸਾਨ, ਅਤੇ ਸੁਰੱਖਿਅਤ ਤਰੀਕਾ ਹੈ।

ਇੱਕ ਵਾਪਸੀ ਲਫਿਾਫਾ ਅਤੇ ਹਦਿਾਇਤਾਂ ਸ਼ਾਮਲਿ ਕੀਤੀਆਂ ਜਾਣਗੀਆਂ। ਪਰ, ਤੁਹਾਨੂੰ ਲਾਜ਼ਮੀ ਤੌਰ 'ਤੇ ਡਾਕ ਭੇਜਣ ਵਾਸਤੇ ਡਾਕ-ਟਕਿਟ ਸ਼ਾਮਲਿ ਕਰਨੀ ਹੋਵੇਗੀ। ਅਸੀਂ ਦੋ ਟਕਿਟਾਂ ਦੀ ਸਲਾਹ ਦਦਿੰ ਹਾਂ।

ਬੇਨਤੀ ਕਰੋ ਕਿ ਗੈਰਹਾਜ਼ਰ ਮਤਦਾਨ-ਪਰਚੀ ਤੁਹਾਨੂੰ ਡਾਕ ਰਾਹੀਂ ਭੇਜੀ ਜਾਵੇ:

ਇੱਥੇ ਸਕੈਨ ਕਰੋ!

*ਗੈਰਹਾਜ਼ਰ ਮਤਦਾਨ ਨੂੰ ਤੁਹਾਡੇ ਕਾਉਂਟੀ ਬੋਰਡ ਆਫ ਇਲੈਕਸ਼ਨਜ਼ ਵਿਖੇ ਜਾਂ ਤੁਹਾਡੇ ਪੋਲਿੰਗ ਸਥਾਨ 'ਤੇ ਚੋਣਾਂ ਵਾਲੇ ਦਿਨ ਜਾਂ ਕਿਸੇ ਜਲਦੀ ਵੋਟਿੰਗ ਵਾਲੇ ਦਿਨ ਵੀ ਛੱਡਿਆ ਜਾ ਸਕਦਾ ਹੈ।



# ਮਤਦਾਤਾ ਪਹੁੰਚ

## ਭਾਸ਼ਾ ਮਦਦ

ਦੁਭਾਸ਼ੀਏ ਕੁੱਝ ਪੋਲਿੰਗ ਸਥਾਨਾਂ ‘ਤੇ ਉਪਲਬਧ ਹਨ।



ਜੇ ਤੁਹਾਨੂੰ ਕਿਸੇ ਪੋਲ ਸਥਾਨ ‘ਤੇ ਭਾਸ਼ਾ ਸਹਾਇਤਾ ਦੀ ਲੋੜ ਹੈ, ਤਾਂ ਤੁਹਾਡੇ ਕੋਲ ਆਪਣੇ ਖੁਦ ਦੇ ਦੁਭਾਸ਼ੀਏ ਨੂੰ, ਆਪਣੇ ਨਾਲ ਲਿਆਉਣ ਦਾ ਅਧਿਕਾਰ ਵੀ ਹੈ

ਪਤਾ ਕਰੋ ਕਿ ਕਿਹੜੇ ਪੋਲਿੰਗ ਸਥਾਨ,
ਦੁਭਾਸ਼ੀਆ ਸੇਵਾਵਾਂ ਪ੍ਰਦਾਨ ਕਰਨਗੇ:

ਇੱਥੇ ਸਕੈਨ ਕਰੋ!

## ਅਪੰਗਤਾ ਸਹਾਇਤਾ

ਬੈਲਟ ਮਾਰਕਿੰਗ ਡੀਵਾਇਸਾਂ ਪੋਲਿੰਗ ਸਥਾਨਾਂ ‘ਤੇ ਉਪਲਬਧ ਹੁੰਦੀਆਂ ਹਨ ਅਤੇ ਇਹ ਉਹਨਾਂ ਵੋਟਰਾਂ ਵਾਸਤੇ ਮਦਦਗਾਰੀ ਹੋ ਸਕਦੀਆਂ ਹਨ ਜੋ ਦ੍ਰਿਸ਼ਟੀਹੀਨ, ਦ੍ਰਿਸ਼ਟੀ ਤੋਂ ਅਪੰਗ, ਜਾਂ ਜਿੰਨ੍ਹਾਂ ਨੂੰ ਕੋਈ ਐਸੀ ਅਪੰਗਤਾ ਜਾਂ ਅਵਸਥਾ ਹੈ ਜੋ ਪੈੱਨ ਨਾਲ ਵੋਟਾਂ ‘ਤੇ ਨਿਸ਼ਾਨ ਲਗਾਉਣਾ ਮੁਸ਼ਕਿਲ ਜਾਂ ਅਸੰਭਵ ਬਣਾ ਦਿੰਦੀ ਹੈ।



ਬੈਲਟ ਮਾਰਕਿੰਗ ਡੀਵਾਇਸਾਂ ਬਾਰੇ ਹੋਰ ਜਾਣੋ:

ਇੱਥੇ ਸਕੈਨ ਕਰੋ!

# ਅਕਸਰ ਪੁੱਛੇ ਜਾਣ ਵਾਲੇ ਸਵਾਲ

### ਕੀ ਮੈਨੂੰ ਕੋਈ ਸ਼ਨਾਖਤ ਕਾਰਡ ਲਿਆਉਣ ਦੀ ਲੋੜ ਹੈ?

ਇਹ ਸਲਾਹ ਦਿੱਤੀ ਜਾਂਦੀ ਹੈ ਕਿ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰ ਸ਼ਨਾਖਤ ਕਾਰਡ ਲੈ ਕੇ ਆਉਣ।

### ਜੇਕਰ ਮੈਂ ਆਪਣੀ ਜਗ੍ਹਾ ਬਦਲੀ ਹੈ, ਤਾਂ ਕੀ ਹੋਵੇਗਾ?

ਜਦ ਤੁਸੀਂ ਆਪਣੀ ਜਗ੍ਹਾ ਬਦਲਦੇ ਹੋ, ਤਾਂ ਤੁਹਾਨੂੰ ਇੱਕ ਨਵਾਂ ਵੋਟਰ ਪੰਜੀਕਰਨ ਫਾਰਮ ਜਮ੍ਹਾਂ ਕਰਕੇ, ਚੋਣਾਂ ਦੇ ਬੋਰਡ ਕੋਲ ਆਪਣਾ ਪਤਾ ਬਦਲਣਾ ਚਾਹੀਦਾ ਹੈ।

### ਵੋਟ ਪਾਉਣ ਦੇ ਯੋਗ ਕੌਣ ਹੈ?

ਤੁਸੀਂ ਵੋਟ ਪਾਉਣ ਲਈ ਪੰਜੀਕਰਨ ਕਰਨ ਦੇ ਯੋਗ ਹੋ ਜੇ ਤੁਸੀਂ:

1. ਇੱਕ ਯੂ.ਐੱਸ. ਨਾਗਰਿਕ ਹੋ
2. ਘੱਟ 30 ਦਿਨਾਂ ਤੋਂ ਨਿਊ ਯਾਰਕ ਸ਼ਹਿਰ ਦੇ ਵਸਨੀਕ ਹੋ
3. ਅਤੇ ਘੱਟੋ-ਘੱਟ 16 ਸਾਲਾਂ ਦੀ ਉਮਰ ਦੇ ਹੋ

ਤੁਸੀਂ 16 ਜਾਂ 17 ਸਾਲ ਦੀ ਉਮਰ ਵਿੱਚ ਵੋਟ ਪਾਉਣ ਲਈ ਪ੍ਰੀ-ਰਜਿਸਟਰ ਕਰ ਸਕਦੇ ਹੋ, ਪਰ ਵੋਟ ਪਾਉਣ ਲਈ ਤੁਹਾਡੀ ਉਮਰ 18 ਸਾਲ ਦੀ ਹੋਣੀ ਜਰੂਰੀ ਹੈ

### ਜੇ ਮੇਰੇ ਪੋਲ ਸਥਾਨ 'ਤੇ ਕੋਈ ਦਿੱਕਤ ਹੈ, ਤਾਂ ਮੈਨੂੰ ਕਿਸਨੂੰ ਕਾਲ ਕਰਨੀ ਚਾਹੀਦੀ ਹੈ? (ਕੇਵਲ ਅੰਗਰੇਜ਼ੀ ਬੋਲਣ ਵਾਲਿਆਂ ਲਈ)

ਤੁਸੀਂ ਆਪਣੇ ਪੋਲ ਸਥਾਨ ਸੰਬੰਧਿਤ ਕਿਸੇ ਵੀ ਦਿੱਕਤ ਬਾਰੇ NYC ਬੋਰਡ ਆਫ ਇਲੈਕਸ਼ਨਜ਼ ਨੂੰ ਕਾਲ ਕਰ ਸਕਦੇ ਹੋ। 1-866-Vote-NYC (1-866-868-3692) 'ਤੇ ਕਾਲ ਕਰੋ

### ਜੇ ਮੇਰੇ ਅਧਿਕਾਰਾਂ ਦੀ, ਜਾਂ ਕਿਸੇ ਹੋਰ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਤਾਂ ਮੈਂ ਕਿਸ ਨਾਲ ਸੰਪਰਕ ਕਰ ਸਕਦਾ ਹਾਂ? (ਕੇਵਲ ਅੰਗਰੇਜ਼ੀ ਬੋਲਣ ਵਾਲਿਆਂ ਲਈ)

ਤੁਸੀਂ ਟ੍ਰੇਨਡ ਇਲੈਕਸ਼ਨ ਪ੍ਰੋਟੈਕਸ਼ਨ ਵਲੰਟੀਅਰ ਨਾਲ ਗੱਲ ਕਰਨ ਲਈ ਅਤੇ ਮੁਫ਼ਤ ਕਨੂੰਨੀ ਸਹਾਇਤਾ ਪ੍ਰਾਪਤ ਕਰਨ ਲਈ ਇਲੈਕਸ਼ਨ ਪ੍ਰੋਟੈਕਸ਼ਨ ਹੌਟਲਾਈਨ 'ਤੇ ਸੰਪਰਕ ਕਰ ਸਕਦੇ ਹੋ। 866-OUR-VOTE (866-687-8683) 'ਤੇ ਕਾਲ ਕਰੋ।

### ਚੋਣਾਂ ਬੋਰਡ ਦੇ ਟਿਕਾਣੇ

**Bronx**
1780 Grand Concourse, 5 Fl, Bronx, NY 10457

**Manhattan**
200 Varick Street, 10 Fl, New York, NY 10014

**Brooklyn**
345 Adams Street, 4 Fl, Brooklyn, NY 11201

**Staten Island**
1 Edgewater Plaza, 4 Fl, Staten Island, NY 10305

**Queens**
118-35 Queens Boulevard, Forest Hills, NY 11375

## ਮੈਂ ਕਿੱਥੇ ਵੋਟ ਪਾ ਰਹਿਾ/ਰਹੀ ਹਾਂ?

2022 ਚੋਣਾਂ ਦਾ ਦਨਿ
**ਮੰਗਲਵਾਰ 6/28 ਹੈ**

## ਮੈਂ ਕਸਿ ਸਮੇਂ ਵੋਟ ਪਾ ਰਹਿਾ/ਰਹੀ ਹਾਂ?

ਪੋਲ ਸਵੇਰੇ **6 ਵਜੇ ਤੋਂ ਰਾਤ 9**
ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ

ਕੀ ਤੁਹਾਡੇ ਕੋਈ ਸਵਾਲ ਹਨ?

ਵੋਟਰਾਂ ਦੇ ਪੰਜੀਕਰਨ, ਵੋਟ ਪਾਉਣ ਦੀਆਂ ਵਧਿੀਆਂ, ਰਾਜਨੀਤਕ ਪਾਰਟੀਆਂ ਅਤੇ ਹੋਰ ਚੀਜ਼ਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ, ਜਾਂ ਆਪਣੇ ਸਥਾਨਕ ਕਾਊਂਟੀ ਬੋਰਡ ਆਫ ਇਲੈਕਸ਼ਨਜ਼ ਆਫਸਿ ਨੂੰ ਲੱਭਣ ਲਈ, aafederation.org/2022-primary-voter-guide 'ਤੇ ਜਾਓ ਜਾਂ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰੋ।

ਇੱਥੇ ਸਕੈਨ ਕਰੋ!

ਜਾਂ vote@aafederation.org 'ਤੇ ਸਾਨੂੰ ਸੰਪਰਕ ਕਰੋ

AAPI POWER COALITION

Asian American Federation